# King County Metro Accessible Services (ਕਿੰਗ ਕਾਊਂਟੀ ਮੈਟਰੋ ਐਕਸੈਸੀਬਲ ਸਰਵਿਸਜ਼)

Metro Accessible Services (ਮੈਟਰੋ ਐਕਸੈਸੀਬਲ ਸਰਵਿਸਜ਼) ਉਹਨਾਂ ਸੇਵਾਵਾਂ ਦਾ ਪ੍ਰਬੰਧਨ ਕਰਦੀ ਹੈ ਜੋ ਬਜ਼ੁਰਗ and customers with disabilities including Access Paratransit Service, Transit Instruction, Taxi Scrip and the Community Access Transportation Program (CAT). ਅਸੀਂ Getting There (ਗੈਟਿੰਗ ਦੇਅਰ) ਆਵਾਜਾਈ ਸਰੋਤ ਕੇਂਦਰ ਦਾ ਪ੍ਰਬੰਧਨ ਵੀ ਕਰਦੇ ਹਾਂ। ਇਹਨਾਂ ਪ੍ਰੋਗਰਾਮਾਂ ਤੋਂ ਇਲਾਵਾ, Accessible Services (ਐਕਸੈਸੀਬਲ ਸਰਵਿਸਜ਼), ਕਿੰਗ ਕਾਊਂਟੀ ਮੈਟਰੋ ਵਿਖੇ ਸਾਰੇ ਕਾਰਜ ਗਰੁੱਪਾਂ ਨਾਲ ਵੀ ਕੰਮ ਕਰਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਦਾਨ ਕੀਤੀਆਂ ਸੇਵਾਵਾਂ ADA (ਅਮੈਰਿਕਨਜ਼ ਵਿਦ ਡਿਸਏਬਿਲਟੀਜ਼ ਐਕਟ) ਦੀ ਤਾਮੀਲ ਕਰਦੀਆਂ ਹਨ।

- ਮੈਟਰੋ ਬੱਸ ਸਰਵਿਸ ਵਾਸਤੇ ADA ਤਾਮੀਲ

Accessible Services (ਐਕਸੈਸੀਬਲ ਸਰਵਿਸਜ਼) ਦਾ ਅਮਲਾ ਸਾਰੀ ਮੈਟਰੋ ਵਾਸਤੇ ਇੱਕ ਸਰੋਤ ਵਜੋਂ ਸੇਵਾ ਨਿਭਾਉਂਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੱਸ ਸੇਵਾ ਪਹੁੰਚਣ ਯੋਗ ਹੈ। ਮੈਟਰੋ ਦੀਆਂ ਸਾਰੀਆਂ ਬੱਸਾਂ 1999 ਤੋਂ ਲੈਕੇ ਪਹੁੰਚਣ ਯੋਗ ਹਨ। ਮੈਟਰੋ ਇਸ ਸਮੇਂ ਸਾਰੀਆਂ ਨੀਵੇਂ ਫਰਸ਼ ਵਾਲੀਆਂ ਬੱਸਾਂ ਰੱਖਣ ਦੀ ਰਾਹ 'ਤੇ ਹੈ ਜਦ ਇਹ ਲਿਫਟਾਂ ਵਾਲੀਆਂ ਪੁਰਾਣੀਆਂ ਬੱਸਾਂ ਨੂੰ ਬਦਲਦੀ ਹੈ। ਨੀਵੇਂ ਫਰਸ਼ ਵਾਲੀਆਂ ਬੱਸਾਂ ਦੇ ਦਰਵਾਜ਼ਿਆਂ ’ਤੇ ਪੌੜੀਆਂ ਨਹੀਂ ਹੁੰਦੀਆਂ, ਜਿਸ ਨਾਲ ਚੜ੍ਹਨਾ ਆਸਾਨ ਹੋ ਜਾਂਦਾ ਹੈ। ਵੀਲ੍ਹਚੇਅਰਾਂ ਦੀ ਵਰਤੋਂ ਕਰਨ ਵਾਲਿਆਂ ਵਾਸਤੇ ਬੱਸਾਂ ਰੈਂਪਾਂ ਦੇ ਨਾਲ ਲੈਸ ਹੁੰਦੀਆਂ ਹਨ ਅਤੇ ਬੱਸ ਦਾ ਮੂਹਰਲਾ ਹਿੱਸਾ ਨੀਚੇ ਸਰਕ ਸਕਦਾ ਹੈ ਤਾਂ ਜੋ ਪਟੜੀ ਤੋਂ ਕਦਮ ਚੁੱਕਣਾ ਆਸਾਨ ਹੋ ਜਾਵੇ।

- **Getting There Transportation Resource Center (ਗੈਟਿੰਗ ਦੇਅਰ ਟਰਾਂਸਪੋਰਟੇਸ਼ਨ ਰਿਸੌਰਸ ਸੈਂਟਰ)**

Transportation Resource Center (ਆਵਾਜਾਈ ਸਰੋਤ ਕੇਂਦਰ) ਹਾਰਬਰਵਿਊ ਮੈਡੀਕਲ ਸੈਂਟਰ ਦੇ ਨਾਲ ਇੱਕ ਭਾਈਵਾਲੀ ਹੈ। ਇਸ ਸੈਂਟਰ ਨੂੰ ਅਪੰਗਤਾਵਾਂ ਵਾਲੇ ਲੋਕਾਂ ਦੀ ਆਵਾਜਾਈ ਸੇਵਾਵਾਂ ਤੱਕ ਸੁਰੱਖਿਅਤ ਪਹੁੰਚ ਵਿੱਚ ਮਦਦ ਕਰਨ ਲਈ ਵਿਉਂਤਿਆ ਗਿਆ ਹੈ। ਬੱਸ ਚੜ੍ਹਨ ਦੀ ਤੁਹਾਡੀ ਯੋਗਤਾ ਦਾ ਵਿਅਕਤੀਗਤ ਤੌਰ ’ਤੇ ਮੁਲਾਂਕਣ ਕਰਦੇ ਹੋਏ, ਵਿਸ਼ੇਸ਼ ਤੌਰ ’ਤੇ ਸਿਖਲਾਈ ਪ੍ਰਾਪਤ ਮੁੜ-ਵਸੇਬਾ ਅਮਲਾ ਤੁਹਾਨੂੰ ਮਿਲਦਾ ਹੈ। ਇਸ ਸੈਂਟਰ ਕੋਲ ਨੀਵੇਂ ਫਰਸ਼ ਵਾਲੀ ਬੱਸ ਦਾ ਇੱਕ ਨਕਲੀ ਮਾਡਲ ਹੈ ਤਾਂ ਜੋ ਅਮਲਾ ਕਿਸੇ ਬੱਸ ਤੋਂ ਚੜ੍ਹਨ-ਉੱਤਰਨ ਦੀ ਤੁਹਾਡਾ ਯੋਗਤਾ ਦਾ ਮੁਲਾਂਕਣ ਕਰ ਸਕੇ।

ਜਦ ਤੁਸੀਂ ਆਵਾਜਾਈ ਸਰੋਤ ਕੇਂਦਰ ਵਿਖੇ ਜਾਂਦੇ ਹੋ, ਤਾਂ ਅਮਲਾ ਉਹਨਾਂ ਸੇਵਾਵਾਂ ਤੱਕ ਸਿਫਾਰਸ਼ਾਂ ਦੇ ਨਾਲ ਮਦਦ ਕਰ ਸਕਦਾ ਹੈ ਜੋ ਉਹ ਆਵਾਜਾਈ ਸਾਧਨ ਪ੍ਰਦਾਨ ਕਰਾਉਣ ਦੇ ਯੋਗ ਹੋ ਸਕਦੀਆਂ ਹਨ ਜਿੰਨ੍ਹਾਂ ਦੀ ਤੁਹਾਨੂੰ ਲੋੜ ਹੈ। ਇਸ ਵਿੱਚ ਬਕਾਇਦਾ Metro ਬੱਸ ਸੇਵਾ, Access, Taxi Scrip, Transit Instruction, CAT ਸੇਵਾਵਾਂ, Medicaid ਦੇ ਡਾਕਟਰੀ ਆਵਾਜਾਈ ਸਾਧਨ ਅਤੇ ਹੋਰ ਭਾਈਚਾਰਕ ਸੇਵਾਵਾਂ ਸ਼ਾਮਲ ਹੋ ਸਕਦੇ ਹਨ। ਜੇ ਕੋਈ ਵਿਸ਼ੇਸ਼ ਰੁਕਾਵਟ ਹੈ ਜੋ ਤੁਹਾਨੂੰ ਤੁਹਾਡੀਆਂ ਸਥਾਨਕ ਬੱਸ ਸੇਵਾਵਾਂ ਤੱਕ ਪਹੁੰਚ ਕਰਨ ਤੋਂ ਰੋਕਦੀ ਹੈ ਤਾਂ ਵੀ ਅਮਲਾ ਤੁਹਾਡੀ ਸਹਾਇਤਾ ਕਰ

ਸਕਦਾ ਹੈ। ਜਦ ਤੁਸੀਂ ਬਾਹਰ ਅੰਦਰ ਨਿਕਲਦੇ ਹੋ ਤਾਂ ਡਰਾਈਵਰਾਂ ਨੂੰ ਤੁਹਾਡੇ ਵੱਲ ਧਿਆਨ ਦੇਣ ਵਿੱਚ ਮਦਦ ਕਰਨ ਲਈ ਸੁਰੱਖਿਆ ਸਾਜ਼ੋ-ਸਾਮਾਨ ਅਤੇ ਉੱਚ ਦਿਖਣਯੋਗਤਾ ਵਾਲੇ ਕੱਪੜੇ ਵੀ ਉਪਲਬਧ ਹੁੰਦੇ ਹਨ ਜੇ ਤੁਸੀਂ ਕੋਈ ਅਪੰਗਤਾ ਵਾਲੇ ਵਿਅਕਤੀ ਹੋ ਜਿਸਨੂੰ ਸਹਾਇਤਾ ਦੀ ਲੋੜ ਹੈ, ਤਾਂ ਆਪਣੇ ਖੇਤਰ ਵਿੱਚ ਆਵਾਜਾਈ ਵਿਕਲਪਾਂ ਤੱਕ ਪਹੁੰਚ ਕਰਨ ਲਈ 206-263-3113 ’ਤੇ ਸੰਪਰਕ ਕਰੋ। ਤੁਹਾਡੀ ਮੁਲਾਕਾਤ ਵਾਸਤੇ ਦੁਭਾਸ਼ੀਆਂ ਦਾ ਸਮਾਂ ਤੈਅ ਕੀਤਾ ਜਾ ਸਕਦਾ ਹੈ। ਬੱਸ ਆਪਣੇ ਮਿਲਣ ਦੇ ਇਕਰਾਰ ਨੂੰ ਬੁੱਕ ਕਰਦੇ ਸਮੇਂ ਕਿਸੇ ਦੁਭਾਸ਼ੀਏ ਦੀ ਬੇਨਤੀ ਕਰਨਾ ਯਾਦ ਰੱਖੋ।

- **Transit Options (**ਆਵਾਜਾਈ ਦੇ ਵਿਕਲਪ)

ਮੈਟਰੋ ਬਜ਼ੁਰਗਾਂ ਅਤੇ ਅਪੰਗਤਾਵਾਂ ਵਾਲੇ ਲੋਕਾਂ ਨੂੰ ਬੱਸ ਦੀ ਵਰਤੋਂ ਕਰਕੇ ਅਭਿਆਸ ਕਰਨ ਦੇ ਮੁਫ਼ਤ ਮੌਕੇ ਦੀ ਪੇਸ਼ਕਸ਼ ਕਰਦੀ ਹੈ। ਇਹ ਸੇਵਾ, ਜਿਸਨੂੰ ਟਰਾਂਜ਼ਿਟ ਇੰਸਟਰੱਕਸ਼ਨ ਆਖਦੇ ਹਨ, ਤੁਹਾਨੂੰ ਇਹ ਪਤਾ ਕਰਨ ਵਿੱਚ ਮਦਦ ਕਰ ਸਕਦੀ ਹੈ ਕਿ ਕਿਹੜੇ ਬੱਸ ਸਟਾਪ ਅਤੇ ਰੂਟ ਤੁਹਾਡੇ ਵਾਸਤੇ ਸਭ ਤੋਂ ਵਧੀਆ ਕੰਮ ਕਰਦੇ ਹਨ। ਇੱਕ ਪੇਸ਼ੇਵਰ ਟਰਾਂਜ਼ਿਟ ਇੰਸਟਰੱਕਟਰ ਤੁਹਾਡੇ ਨਾਲ ਇਕੱਲੇ-ਨਾਲ-ਇਕੱਲਾ ਆਧਾਰ ’ਤੇ ਕੰਮ ਕਰੇਗਾ। ਸਿਖਲਾਈ ਦੇਣ ਵਾਲੇ ਤੁਹਾਡੇ ਨਾਲ ਸਵਾਰੀ ਕਰਨਗੇ ਅਤੇ ਫੇਰ ਹੌਲੀ ਹੌਲੀ ਤੁਹਾਨੂੰ ਕੰਟਰੋਲ ਸੌਂਪ ਦੇਣਗੇ ਜਦ ਤੁਸੀਂ ਬੱਸ ਦੀ ਵਰਤੋਂ ਕਰਨ ਵਿੱਚ ਸਹਿਜ ਹੋ ਜਾਂਦੇ ਹੋ। Transit Options (ਟਰਾਂਜ਼ਿਟ ਆਪਸ਼ਨਜ਼) ਵੀ ਤੁਹਾਨੂੰ ਤੁਹਾਡੀ ਵੀਲ੍ਹਚੇਅਰ ਜਾਂ ਸਕੂਟਰ ਸਮੇਤ ਬੱਸ ਤੋਂ ਚੜ੍ਹਨ-ਉੱਤਰਨ ਦਾ ਅਭਿਆਸ ਕਰਨ ਦੇ ਮੌਕੇ ਦੀ ਪੇਸ਼ਕਸ਼ ਕਰ ਸਕਦੀ ਹੈ। ਇਹ ਵਿਸ਼ੇਸ਼ ਤੌਰ ’ਤੇ ਮਦਦਗਾਰੀ ਹੋ ਸਕਦਾ ਹੈ ਜੇ ਤੁਸੀਂ ਹੁਣੇ ਹੁਣੇ ਕੋਈ ਨਵਾਂ ਚੱਲਣ-ਫਿਰਨ ਵਿੱਚ ਸਹਾਇਕ ਸਾਧਨ ਲਿਆ ਹੈ। ਗਰੁੱਪ ਸ਼ੈਸ਼ਨ ਵੀ ਉਪਲਬਧ ਹਨ। ਕੋਈ ਸਿਖਲਾਈਕਾਰ ਆ ਸਕਦਾ ਹੈ ਅਤੇ ਇਸ ਬਾਰੇ ਤੁਹਾਡੇ ਗਰੁੱਪ ਨਾਲ ਗੱਲ ਕਰ ਸਕਦਾ ਹੈ ਕਿ ਬੱਸ ਦੀ ਵਰਤੋਂ ਕਿਵੇਂ ਕਰਨੀ ਹੈ, ਸਵਾਲਾਂ ਦਾ ਜਵਾਬ ਦੇ ਸਕਦਾ ਹੈ ਅਤੇ ਫੇਰ ਤੁਹਾਡੇ ਗਰੁੱਪ ਨੂੰ ਬੱਸ ਦੇ ਗੇੜੇ ’ਤੇ ਲਿਜਾ ਸਕਦਾ ਹੈ। ਜੇ ਤੁਸੀਂ Transit Options (ਟਰਾਂਜ਼ਿਟ ਆਪਸ਼ਨਜ) ਵਿੱਚ ਦਿਲਚਸਪੀ ਰੱਖਦੇ ਹੋ, ਤਾਂ 206-749-4242 ’ਤੇ ਕਾਲ ਕਰੋ। ਵਿਅਕਤੀਗਤ ਅਤੇ ਗਰੁੱਪ ਸਿਖਲਾਈਆਂ ਦੋਨਾਂ ਵਾਸਤੇ ਹੀ ਦੁਭਾਸ਼ੀਏ ਉਪਲਬਧ ਹਨ।

ਬੱਸ ਸਟਾਪਾਂ ਵਾਸਤੇ ਪੈਦਲ ਰਸਤਿਆਂ ਨੂੰ ਮਾਪਦੇ ਹੋਏ ਅਤੇ ਇਹਨਾਂ ਦੀਆਂ ਤਸਵੀਰਾਂ ਲੈਂਦੇ ਹੋਏ, ਤੁਹਾਡੇ ਵਾਸਤੇ ਰੁਕਾਵਟ ਮੁਕਤ ਰੂਟਾਂ ਦੀ ਤਲਾਸ਼ ਕਰਦੇ ਹੋਏ, Mobility Specialists (ਮੋਬਿਲਟੀ ਸਪੈਸ਼ਲਿਸਟ) ਵੀ ਬਾਹਰ ਜਾਂਦੇ ਹਨ ਤਾਂ ਜੋ ਤੁਸੀਂ ਬਕਾਇਦਾ ਬੱਸ ਸੇਵਾਵਾਂ ਦੀ ਵਰਤੋਂ ਕਰ ਸਕੋ।

- **Access Transportation (**ਐਕਸੈੱਸ ਟਰਾਂਸਪੋਰਟੇਸ਼ਨ)

ADA (ਅਮੈਰਿਕਨਜ਼ ਵਿਦ ਡਿਸਏਬਿਲਟੀਜ਼ ਐਕਟ) ਦੇ ਤਹਿਤ, ਮੈਟਰੋ ਵਾਸਤੇ ਅਪੰਗਤਾਵਾਂ ਵਾਲੇ ਲੋਕਾਂ ਵਾਸਤੇ ਤੁਲਨਾਯੋਗ ਸੇਵਾ ਪ੍ਰਦਾਨ ਕਰਾਉਣਾ ਲਾਜ਼ਮੀ ਹੈ ਜਦ ਵੀ ਅਤੇ ਜਿੱਥੇ ਵੀ ਬਕਾਇਦਾ ਬੱਸ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। Access (ਐਕਸੈੱਸ), ਅਪੰਗਤਾਵਾਂ ਵਾਲੇ ਉਹਨਾਂ ਲੋਕਾਂ ਵਾਸਤੇ ਇੱਕ ਵੈਨ ਸੇਵਾ ਹੈ ਜੋ ਆਪਣੀ ਅਪੰਗਤਾ ਦੇ ਕਰਕੇ ਬਕਾਇਦਾ ਬੱਸ ਸੇਵਾ ਦੀ ਵਰਤੋਂ ਨਹੀਂ ਕਰ ਸਕਦੇ। Access (ਐਕਸੈੱਸ) ਵਾਸਤੇ ਯੋਗਤਾ ਪੂਰੀ ਕਰਨ ਲਈ, ਤੁਹਾਡੇ ਵਾਸਤੇ ਕਿਸੇ ਅਪੰਗਤਾ ਦੇ ਕਰਕੇ ਨਿਮਨਲਿਖਤ ਕਸੌਟੀਆਂ ਨੂੰ ਪੂਰਾ ਕਰਨਾ ਲਾਜ਼ਮੀ ਹੈ:

- ਤੁਸੀਂ ਕਿੰਗ ਕਾਊਂਟੀ ਵਿੱਚ ਕੁਝ ਕੁ ਜਾਂ ਸਾਰੀਆਂ ਪਹੁੰਚਣਯੋਗ ਜਨਤਕ ਆਵਾਜਾਈ ਗੱਡੀਆਂ ਵਿੱਚ ਚੜ੍ਹਨ, ਸਵਾਰੀ ਕਰਨ ਜਾਂ ਉੱਤਰਨ ਦੇ ਯੋਗ ਨਹੀਂ ਹੋ।
- ਬੱਸ ਚੜ੍ਹਨ ਵਾਸਤੇ ਤੁਹਾਨੂੰ ਵੀਲ੍ਹਚੇਅਰ ਲਿਫਟ ਜਾਂ ਰੈਮਪ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ।
- ਤੁਸੀਂ ਕੁਝ ਕੁ ਜਾਂ ਸਾਰੇ ਬੱਸ ਸਟਾਪਾਂ ਜਾਂ ਰੇਲ ਸਟੇਸ਼ਨਾਂ ਤੋਂ ਜਾਂ ਤੱਕ ਯਾਤਰਾ ਕਰਨ ਦੇ ਅਯੋਗ ਹੋ।

ਜੇ ਤੁਸੀਂ ਇਸ ਸੇਵਾ ਵਾਸਤੇ ਯੋਗਤਾ ਪੂਰੀ ਕਰਦੇ ਹੋ, ਤਾਂ ਇੱਕ ਵੈਨ ਅਤੇ ਇੱਕ ਡਰਾਈਵਰ ਤੁਹਾਨੂੰ ਲੈਕੇ ਜਾਣ ਲਈ ਆਉਣਗੇ, ਅਤੇ ਫੇਰ ਤੁਹਾਨੂੰ ਤੁਹਾਡੀ ਮੰਜਿਲ ਤੱਕ ਲੈਕੇ ਜਾਣਗੇ ਜੇਕਰ ਇਹ ਟਰਾਂਜ਼ਿਟ ਦੁਆਰਾ ਸੇਵਾ ਪ੍ਰਦਾਨ ਕਰਾਏ ਜਾਂਦੇ ਖੇਤਰ ਵਿੱਚ ਹੈ। ਕਿਉਂਕਿ Access (ਐਕਸੈੱਸ) ਬੱਸ ਸੇਵਾ ਵਰਗੀ ਹੀ ਹੈ, ਇਸ ਲਈ ਹੋ ਸਕਦਾ ਹੈ ਤੁਹਾਡੀ ਯਾਤਰਾ ਦੌਰਾਨ ਡਰਾਈਵਰ ਹੋਰਨਾਂ ਗਾਹਕਾਂ ਨੂੰ ਚੜ੍ਹਾ ਸਕਦਾ ਹੈ ਅਤੇ ਉਤਾਰ ਸਕਦਾ ਹੈ। ਸਵਾਰੀ ਦੇ ਸਮੇਂ ਬੱਸ ਦੇ ਨਾਲ ਤੁਲਨਾਯੋਗ ਹਨ। ਜੇ ਤੁਸੀਂ ਕੁਝ ਕੁ ਟਿਕਾਣਿਆਂ ਤੱਕ ਬੱਸ ਦੇ ਟਰਿੱਪਾਂ ਦੀ ਵਰਤੋਂ ਕਰਨ ਦੇ ਯੋਗ ਹੋਂ, ਤਾਂ ਤੁਸੀਂ ਇਹਨਾਂ ਟਰਿੱਪਾਂ ਵਾਸਤੇ Access (ਐਕਸੈੱਸ) ਦੀ ਵਰਤੋਂ ਕਰਨ ਦੇ ਯੋਗ ਨਹੀਂ ਹੋਵੋਂਗੇ। ਰਾਖਵੇਂਕਰਨ ਇੱਕ ਤੋਂ ਤਿੰਨ ਦਿਨ ਪਹਿਲਾਂ ਤੱਕ ਕੀਤੇ ਜਾ ਸਕਦੇ ਹਨ। ਜੇ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ Access (ਐਕਸੈੱਸ) ਵਿੱਚ ਦਿਲਚਸਪੀ ਰੱਖਦਾ ਹੈ, ਤਾਂ 206-263-3113 ਨੂੰ ਕਾਲ ਕਰੋ। ਫ਼ੋਨ ਦੁਭਾਸ਼ੀਏ ਉਪਲਬਧ ਹਨ – ਬੱਸ ਆਪਰੇਟਰ ਨੂੰ ਇਹ ਦੱਸ ਦਿਓ ਕਿ ਤੁਸੀਂ ਕਿਹੜੀ ਭਾਸ਼ਾ ਪਸੰਦ ਕਰੋਗੇ ਅਤੇ ਉਹ ਲਾਈਨ 'ਤੇ ਕਿਸੇ ਦੁਭਾਸ਼ੀਏ ਨੂੰ ਲੈ ਆਉਣਗੇ।

- **Community Access Transportation** (ਕਮਿਊਨਿਟੀ ਐਕਸੈੱਸ ਟਰਾਂਸਪੋਰਟੇਸ਼ਨ) **(CAT)**

ਮੈਟਰੋ ਦਾ CAT ਪ੍ਰੋਗਰਾਮ ਭਾਈਚਾਰਕ ਅਦਾਰਿਆਂ ਦੇ ਨਾਲ ਭਾਈਵਾਲੀ ਕਰਨ ਦੁਆਰਾ ਬਜ਼ੁਰਗ ਲੋਕਾਂ ਅਤੇ ਅਪੰਗਤਾਵਾਂ ਵਾਲੇ ਲੋਕਾਂ ਵਾਸਤੇ ਆਵਾਜਾਈ ਸਾਧਨਾਂ ਦਾ ਵਿਸਤਾਰ ਕਰਨ ਦੀ ਤਾਕ ਵਿੱਚ ਹੈ। ਤੁਹਾਡੇ ਖੇਤਰ ਵਿੱਚ ਆਵਾਜਾਈ ਸਰੋਤਾਂ ਵਾਸਤੇ 2-1-1 ਨੂੰ ਕਾਲ ਕਰੋ – ਬੱਸ ਆਪਰੇਟਰ ਨੂੰ ਇਹ ਦੱਸ ਦਿਓ ਕਿ ਤੁਸੀਂ ਕਿਹੜੀ ਭਾਸ਼ਾ ਪਸੰਦ ਕਰੋਗੇ ਅਤੇ ਉਹ ਲਾਈਨ 'ਤੇ ਕਿਸੇ ਦੁਭਾਸ਼ੀਏ ਨੂੰ ਲੈ ਆਉਣਗੇ।

- **The Hyde Shuttle** (ਹਾਈਡ ਸ਼ਟਲ)

Hyde Shuttle (ਹਾਈਡ ਸ਼ਟਲ) CAT ਪ੍ਰੋਗਰਾਮ ਰਾਹੀਂ ਫ਼ੰਡ ਸਹਾਇਤਾ ਪ੍ਰਾਪਤ ਸਭ ਤੋਂ ਵੱਡੀ ਸੇਵਾ ਹੈ। 55 ਸਾਲ ਅਤੇ ਇਸਤੋਂ ਵੱਧ ਉਮਰ ਦੇ ਬਜ਼ੁਰਗਾਂ ਅਤੇ ਅਪੰਗਤਾਵਾਂ ਵਾਲੇ ਲੋਕਾਂ ਵਾਸਤੇ ਮੁਫ਼ਤ ਵੈਨ ਸੇਵਾ ਸਮੁੱਚੀ ਕਿੰਗ ਕਾਊਂਟੀ ਵਿੱਚ ਹਫ਼ਤੇ ਦੇ ਕੰਮ ਕਾਜ਼ੀ ਦਿਨਾਂ ਨੂੰ ਚਲਦੀ ਹੈ। ਵੈਨਾਂ ਉਸ ਆਲੇ-ਦੁਆਲੇ ਵਿੱਚ ਘਰ-ਘਰ ਤੱਕ ਸੇਵਾ ਪ੍ਰਦਾਨ ਕਰਾਉਂਦੀਆਂ ਹਨ ਜਿੱਥੇ ਤੁਸੀਂ ਰਹਿੰਦੇ ਹੋ। ਇਹ ਪਤਾ ਕਰਨ ਵਾਸਤੇ 2-1-1 ਨੂੰ ਕਾਲ ਕਰੋ ਕਿ ਕੀ ਤੁਹਾਡੇ ਆਲੇ-ਦੁਆਲੇ ਵਿੱਚ ਕੋਈ ਵੈਨ ਹੈ – ਬੱਸ ਆਪਰੇਟਰ ਨੂੰ ਇਹ ਦੱਸ ਦਿਓ ਕਿ ਤੁਸੀਂ ਕਿਹੜੀ ਭਾਸ਼ਾ ਪਸੰਦ ਕਰੋਗੇ ਅਤੇ ਉਹ ਲਾਈਨ 'ਤੇ ਕਿਸੇ ਦੁਭਾਸ਼ੀਏ ਨੂੰ ਲੈ ਆਉਣਗੇ।

- ਟੈਕਸੀ ਸਕ੍ਰਿਪ ਅਤੇ ਪਹੁੰਚਣਯੋਗ ਟੈਕਸੀਆਂ

Taxi Scrip (ਟੈਕਸੀ ਸਕ੍ਰਿਪ) ਪ੍ਰੋਗਰਾਮ ਅਪੰਗਤਾਵਾਂ ਵਾਲੇ ਲੋਕਾਂ ਅਤੇ ਬਜ਼ੁਰਗ ਲੋਕਾਂ ਵਾਸਤੇ ਘੱਟ ਕਿਰਾਏ ਵਾਲੀ ਟੈਕਸੀ ਸੇਵਾ ਪ੍ਰਦਾਨ ਕਰਾਉਂਦਾ ਹੈ ਜਿੰਨ੍ਹਾਂ ਦੀਆਂ ਆਮਦਨਾਂ ਘੱਟ ਹੁੰਦੀਆਂ ਹਨ। ਪ੍ਰੋਗਰਾਮ ਵਾਸਤੇ ਬਿਨੈ-ਪੱਤਰ ਦੇਣ

ਵਾਸਤੇ, ਮੈਟਰੋ ਗਾਹਕ ਸੇਵਾਵਾਂ ਨੂੰ 206-553-3000 ’ਤੇ ਕਾਲ ਕਰੋ। ਫ਼ੋਨ ਦੁਭਾਸ਼ੀਏ ਉਪਲਬਧ ਹਨ – ਬੱਸ ਆਪਰੇਟਰ ਨੂੰ ਇਹ ਦੱਸ ਦਿਓ ਕਿ ਤੁਸੀਂ ਕਿਹੜੀ ਭਾਸ਼ਾ ਪਸੰਦ ਕਰੋਂਗੇ ਅਤੇ ਉਹ ਲਾਈਨ ’ਤੇ ਕਿਸੇ ਦੁਭਾਸ਼ੀਏ ਨੂੰ ਲੈ ਆਉਣਗੇ। ਇੱਕ ਵਾਰ ਜਦ ਤੁਸੀਂ Taxi Scrip (ਟੈਕਸੀ ਸਕ੍ਰਿਪ) ਪ੍ਰੋਗਰਾਮ ਵਾਸਤੇ ਸਵੀਕਾਰ ਕਰ ਲਏ ਜਾਂਦੇ ਹੋ, ਤਾਂ ਤੁਸੀਂ ਪ੍ਰਤੀ ਮਹੀਨਾ ਸੱਤ Taxi Scrip (ਟੈਕਸੀ ਸਕ੍ਰਿਪ) ਬੁੱਕਾਂ ਤੱਕ ਖਰੀਦਣ ਦੇ ਯੋਗ ਹੋਵੋਂਗੇ। ਹਰੇਕ ਬੁੱਕ ਦੀ ਕੀਮਤ $5 ਹੁੰਦੀ ਹੈ ਅਤੇ ਇਹ $10 ਤੱਕ ਦੇ ਟੈਕਸੀ ਭਾੜੇ ਦੇ ਬਰਾਬਰ ਹੁੰਦੀ ਹੈ। Taxi Scrip (ਟੈਕਸੀ ਸਕ੍ਰਿਪ) ਦੀ ਮਿਆਦ ਖਤਮ ਨਹੀਂ ਹੁੰਦੀ, ਇਸ ਕਰਕੇ ਤੁਸੀਂ ਇਸਦੀ ਤੁਰੰਤ ਵਰਤੋਂ ਕਰ ਸਕਦੇ ਹੋ ਜਾਂ ਇਸਨੂੰ ਸੰਕਟਕਾਲ ਵਾਸਤੇ ਸੁਰੱਖਿਅਤ ਕਰਕੇ ਰੱਖ ਸਕਦੇ ਹੋ।

2006 ਵਿੱਚ, (Accessible Services) ਐਕਸੈੱਸੀਬਲ ਸਰਵਿਸਜ਼ ਅਮਲੇ ਨੇ ਕਿੰਗ ਕਾਊਂਟੀ ਵਿੱਚ ਪਹੁੰਚਣਯੋਗ ਟੈਕਸੀਆਂ ਹਾਸਲ ਕਰਨ ਲਈ ਕੰਮ ਕੀਤਾ। ਹੁਣ ਸੀਆਟਲ ਅਤੇ ਕਿੰਗ ਕਾਊਂਟੀ ਵਿੱਚ 45 ਵੀਲ੍ਹਚੇਅਰ ਨਾਲ ਪਹੁੰਚਣਯੋਗ ਟੈਕਸੀ-ਕੈਬਾਂ ਹਨ।